**ਪੱਨਬੱਸ ਵਿੱਚ ਕੰਟਰੈਕਟ ਦੇ ਆਧਾਰ ਤੇ ਡਰਾਫਟਸਮੈਂਨ ਅਤੇ ਸਹਾਇਕ ਇੰਜੀਨੀਅਰ (ਐਸ.ਡੀ.ਓ) (ਸਿਵਲ) ਦੀ ਆਸਾਮੀਆਂ ਲਈ ਅਪਣਾਏ ਜਾਣ ਵਾਲੇ ਮਾਪਦੰਡ ਅਤੇ ਸ਼ਰਤਾਂ ਦਾ ਵੇਰਵਾ:-**

1) ਡਰਾਫਟਸਮੈਂਨ ਅਤੇ ਸਹਾਇਕ ਇੰਜੀਨੀਅਰ (ਐਸ.ਡੀ.ਓ) (ਸਿਵਲ) ਦੀ ਆਸਾਮੀਆਂ ਲਈ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚੋਂ ਸੇਵਾ ਨਵਿਰਤ ਹੋ ਚੁੱਕੇ ਡਰਾਫਟਸਮੈਂਨ ਅਤੇ ਸਹਾਇਕ ਇੰਜੀਨੀਅਰ (ਐਸ.ਡੀ.ਓ) (ਸਿਵਲ) ਅਧਿਕਾਰੀਆਂ ਵਿੱਚੋਂ ਭਰੀ ਜਾਵੇਗੀ।

2) ਡਰਾਫਟਸਮੈਂਨ ਅਤੇ ਸਹਾਇਕ ਇੰਜੀਨੀਅਰ (ਐਸ.ਡੀ.ਓ) (ਸਿਵਲ) ਦੀ ਆਸਾਮੀਆਂ ਨਿਰੋਲ ਕੰਟਰੈਕਟ ਦੇ ਆਧਾਰ ਤੇ ਭਰੀ ਜਾਵੇਗੀ।

3) ਡਰਾਫਟਸਮੈਂਨ ਅਤੇ ਸਹਾਇਕ ਇੰਜੀਨੀਅਰ (ਐਸ.ਡੀ.ਓ) (ਸਿਵਲ) ਦੀ ਆਸਾਮੀ ਤੇ ਤਾਇਨਾਤ ਅਧਿਕਾਰੀਆਂ ਨੂੰ ਮਿਲਣ ਵਾਲੀ ਤਨਖਾਹ Last Pay Drawn (LPC)- Pension ਦਾ ਅੰਤਰ ਮਿਲਣਯੋਗ ਹੋਵੇਗੀ। ਇਸ ਤੋਂ ਇਲਾਵਾ ਹੋਰ ਕੋਈ ਭੱਤਾ ਮਿਲਣਯੋਗ ਨਹੀਂ ਹੋਵੇਗਾ।

4) ਇਹਨਾਂ ਆਸਾਮੀਆਂ ਲਈ ਉਮਰ ਹੱਦ 65 ਸਾਲ ਹੋਵੇਗੀ।

5) ਇਹਨਾਂ ਆਸਾਮੀਆਂ ਲਈ ਉਮੀਦਵਾਰ ਮੈਡੀਕਲ ਤੌਰ ਤੇ ਫਿੱਟ ਹੋਣਾ ਚਾਹੀਦਾ ਹੈ।

6) ਇਹਨਾਂ ਆਸਾਮੀਆਂ ਦਾ ਕਾਰਜਕਾਲ ਇੱਕ ਸਾਲ ਦਾ ਹੋਵੇਗਾ। ਅਧਿਕਾਰੀ ਦੇ ਕੰਮਕਾਜ ਦੀ ਸਮੀਖਿਆ ਉਪਰੰਤ ਮੈਨੇਜਿੰਗ ਡਾਇਰੈਕਟਰ, ਪੱਨਬੱਸ ਕਾਰਜਕਾਲ ਵਿੱਚ ਵਾਧਾ ਕਰਨ/ਖਤਮ ਕਰਨ ਲਈ ਅਧਿਕਾਰਤ ਹੋਣਗੇ।

7) ਇਹਨਾਂ ਆਸਾਮੀਆਂ ਲਈ ਉਮੀਦਵਾਰ ਵਿਰੁੱਧ ਕੋਈ ਵਿਭਾਗੀ ਜਾਂਚ/ਕੋਰਟ ਕੇਸ/ਵਿਜੀਲੈਂਸ ਕੇਸ ਜਾਂ ਫੌਜਦਾਰੀ ਚਲਦਾ ਨਾ ਹੋਵੇ। ਜੇਕਰ ਕੰਟਰੈਕਟ ਦੇ ਆਧਾਰ ਤੇ ਨਿਯੁਕਤੀ ਦੀ ਸੇਵਾ ਦੌਰਾਨ ਅਧਿਕਾਰੀ ਵਿਰੁੱਧ ਕੋਈ ਫੌਜਦਾਰੀ, ਵਿਜੀਲੈਂਸ ਇੰਨਕੁਆਰੀ, ਮੁਕੱਦਮਾ, ਕਰੱਪਸ਼ਨ ਆਦਿ ਦਾ ਕੇਸ ਸਾਹਮਣੇ ਆਉਂਦਾ ਹੈ ਤਾਂ ਅਧਿਕਾਰੀ ਦੀ ਕੰਟਰੈਕਟ ਦੇ ਆਧਾਰ ਤੇ ਕੀਤੀ ਗਈ ਨਿਯੁਕਤੀ ਬਿਨ੍ਹਾਂ ਕਿਸੇ ਨੋਟਿਸ ਦੇ ਆਧਾਰ ਤੇ ਰੱਦ ਕਰ ਦਿੱਤੀ ਜਾਵੇਗੀ ਅਤੇ ਰੂਲਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

8) ਇਹਨਾਂ ਆਸਾਮੀ ਦੀ ਆਸਾਮੀ ਦੇ ਉਮੀਦਵਾਰ ਨੂੰ ਮਹੀਨੇ ਵਿੱਚ ਇੱਕ ਅਚਨਚੇਤ ਛੁੱਟੀ ਮਿਲੇਗੀ। ਕਲੰਡਰ ਸਾਲ ਵਿੱਚ ਕੁੱਲ 10+02 ਛੁੱਟੀਆਂ ਮਿਲਣਯੋਗ ਹੋਣਗੀਆਂ। ਇੱਕ ਸਮੇਂ ਚਾਰ ਤੋਂ ਵੱਧ ਛੁੱਟੀਆਂ ਨਹੀਂ ਲੈ ਸਕੇਗਾ। ਇਹ ਛੁੱਟੀਆਂ ਅਗਲੇ ਚਾਲੂ ਸਾਲ ਵਿੱਚ ਟਰਾਂਸਫਰ ਨਹੀਂ ਹੋਣਗੀਆਂ।

9) ਇਹਨਾਂ ਆਸਾਮੀਆਂ ਦੀ ਆਸਾਮੀ ਲਈ ਨਿਯੁਕਤ ਉਮੀਦਵਾਰ ਜੇਕਰ ਆਪਣੀ ਨੌਕਰੀ ਛੱਡਣਾ ਚਾਹੇਗਾ ਤਾਂ ਉਸ ਨੂੰ ਇੱਕ ਮਹੀਨੇ ਦਾ ਨੋਟਿਸ ਜਾਂ ਇੱਕ ਮਹੀਨੇ ਦੀ ਤਨਖਾਹ ਜਮ੍ਹਾ ਕਰਵਾਉਣੀ ਪਵੇਗੀ।

10) ਅਧਿਕਾਰੀਆਂ ਦੀ ਸੇਵਾਵਾਂ ਦੀ ਲੋੜ ਨਾ ਹੋਣ ਜਾਂ ਪ੍ਰਬੰਧਕੀ ਕਾਰਨਾਂ ਕਰਕੇ ਪੱਨਬੱਸ ਕੰਟਰੈਕਟ ਦੇ ਆਧਾਰ ਤੇ ਇਹ ਨਿਯੁਕਤੀ ਨੂੰ ਬਿਨ੍ਹਾ ਕਿਸੇ ਨੋਟਿਸ ਤੋਂ ਰੱਦ ਕਰ ਸਕਦੀ ਹੈ।

11) ਅਧਿਕਾਰੀ ਨੂੰ ਕਿਸੇ ਹੋਰ ਕੰਪਨੀ ਵਿੱਚ ਕੰਮ ਕਰਨ ਦੀ ਆਗਿਆ ਨਹੀਂ ਹੋਵੇਗੀ।

12) ਇਹ ਨਿਯੁਕਤੀ ਨਿਰੋਲ ਕੰਟਰੈਕਟ ਦੇ ਆਧਾਰ ਤੇ ਹੋਵੇਗੀ ਅਤੇ ਅਧਿਕਾਰੀ ਨੂੰ ਕੋਈ ਵੀ ਹੱਕ ਨਹੀਂ ਹੋਵੇਗਾ ਕਿ ਉਹ ਆਪਣੀ ਸਰਵਿਸ ਨੂੰ ਰੈਗੂਲਰ ਸਮਝੇ।

13) ਅਧਿਕਾਰੀ ਦਾ ਕੰਮਕਾਜ ਅਤੇ ਆਚਰਣ ਤਸਲੀਬੱਖਸ਼ ਨਾ ਹੋਣ ਦੀ ਸੂਰਤ ਵਿੱਚ ਉਸ ਦਾ ਕੰਟਰੈਕਟ ਬਿਨ੍ਹਾ ਨੋਟਿਸ ਦਿੱਤੇ ਕਿਸੇ ਸਮੇਂ ਵੀ ਖਤਮ ਕੀਤਾ ਜਾ ਸਕਦਾ ਹੈ।

14) ਇਹਨਾਂ ਆਸਾਮੀਆਂ ਤੇ ਨਿਯੁਕਤ ਉਮੀਦਵਾਰ, ਚੇਅਰਮੈਨ, ਪੱਨਬੱਸ ਅਤੇ ਮੈਨੇਜਿੰਗ ਡਾਇਰੈਕਟਰ, ਪੱਨਬੱਸ ਅਧੀਨ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ/ਹੁਕਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਣਗੇ।

**ਮੈਨੇਜਿੰਗ ਡਾਇਰੈਕਟਰ, ਪੱਨਬੱਸ।**